




ਰੋਜ਼ਾਨਾ ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com

20 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)



ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫ਼ਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ

ਠੱਗੀ ਦਾ ਸ਼ਿਕਾਰ

ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-

0181-2211009



R.N.I. /Punpun/29016/2008/ ● ਸਾਲ : 15 ● ਅੰਕ : 52 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111


## ਤੁਰਕੀ ਵਿੱਚ ਕੱਢਿਆ ਗਿਆ 11 ਦਿਨਾਂ ਬਾਅਦ ਜ਼ਿੰਦਾ ਵਿਅਕਤੀ

**ਅੰਕਾਰਾ/ਲੋਕ ਬਾਣੀ**

ਬੀਤੇ ਦਿਨੀਂ ਤੁਰਕੀ ਤੇ ਸੀਰੀਆ ਵਿਚ ਆਏ ਭਿਆਨਕ ਭੂਚਾਲ ਤੋਂ ਬਾਅਦ ਦਿਲ ਨੂੰ ਦਹਿਲਾ ਦੇਣ ਵਾਲੀਆਂ ਬਹੁਤ ਸਾਰੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਵਾਇਰਲ ਹੋਈਆਂ। ਚਾਰੇ ਪਾਸੇ ਲਾਸ਼ਾਂ ਦੇ ਢੇਰ ਨਜ਼ਰ ਆਏ। ਹਸਪਤਾਲਾਂ ਵਿਚ ਲਾਸ਼ਾਂ ਰੱਖਣ ਲਈ ਕੋਈ ਥਾਂ ਨਹੀਂ ਹੈ।

ਦੁਨੀਆਂ ਦੇ 100 ਤੋਂ ਵੱਧ ਦੇਸ਼ਾਂ ਨੇ ਤੁਰਕੀ ਅਤੇ ਸੀਰੀਆ ਵਿੱਚ ਬਚਾਅ ਕਰਮਚਾਰੀ ਭੇਜੇ ਹਨ ਜੋ ਮਲਬੇ 'ਚ ਫਸੇ ਲੋਕਾਂ ਨੂੰ ਬਚਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਇਸ ਦੌਰਾਨ ਕਈ ਚਮਤਕਾਰ ਵੀ ਦੇਖਣ ਨੂੰ ਮਿਲ ਰਹੇ ਹਨ। ਦਰਅਸਲ, ਹੁਣ ਇਕ ਖਬਰ ਆਈ ਹੈ ਕਿ ਇਕ ਵਿਅਕਤੀ ਨੂੰ 11 ਦਿਨਾਂ ਪਿੱਛੋਂ ਮਲਬੇ ਵਿਚੋਂ ਜ਼ਿੰਦਾ ਬਾਹਰ ਕੱਢਿਆ ਗਿਆ ਹੈ।

ਇਸ ਦੌਰਾਨ ਉਹ ਡੇਢ ਹਫ਼ਤਾ ਬਿਨਾਂ ਖਾਧੇ-ਪੀਤੇ ਕਿਵੇਂ ਜਿਉਂਦਾ ਰਿਹਾ, ਇਹ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। ਉਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਤੁਰਕੀ ਦੇ ਸਿਹਤ ਮੰਤਰੀ ਦੁਆਰਾ ਸ਼ੇਅਰ ਕੀਤੀ ਗਈ ਵੀਡੀਓ ਵਿੱਚ 33 ਸਾਲਾ ਮੁਸਤਫਾ ਅਵਸੀ ਨੂੰ ਸਟ੍ਰੈਚਰ 'ਤੇ ਲੇਟਿਆ ਦੇਖਿਆ ਜਾ ਸਕਦਾ ਹੈ। ਉਹ ਬਚਾਅ ਕਾਰਜ 'ਚ ਲੱਗੇ ਕਰਮਚਾਰੀਆਂ ਦੇ ਫੋਨ 'ਤੇ ਗੱਲ ਕਰ ਰਿਹਾ ਹੈ। ਜਦੋਂ ਕਿ ਉੱਥੇ ਇੱਕ ਹੋਰ ਵਿਅਕਤੀ ਰੋ ਰਿਹਾ ਹੈ। ਦਰਅਸਲ, ਉਹ ਆਪਣੀ ਮਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਬਾਰੇ ਪੁੱਛਦਾ ਹੈ।



## ਨੇਪਾਲ ਜਹਾਜ਼ ਹਾਦਸੇ ਵਿੱਚ ਇੰਜਣ ਪਾਇਲਟ ਨੇ ਭੁਲੇਖੇ ਨਾਲ ਕੀਤਾ ਸੀ ਬੰਦ




**ਕਾਠਮਾਂਡੂ/ਲੋਕ ਬਾਣੀ**

**ਪਿਛਲੇ** ਮਹੀਨੇ 15 ਜਨਵਰੀ ਨੂੰ ਨੇਪਾਲ ਵਿਚ ਯੇਤੀ ਏਅਰਲਾਈਨਜ਼ ਦੇ ਇੱਕ ਯਾਤਰੀ ਜਹਾਜ਼ ਹਾਦਸੇ ਦੀ ਜਾਂਚ ਵਿਚ ਕੁਝ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਜਾਂਚ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਾਇਲਟ ਨੇ ਖੁਦ ਇੰਜਣ ਦੀ ਪਾਵਰ ਸਪਲਾਈ ਬੰਦ ਕੀਤੀ ਹੋ ਸਕਦੀ ਸੀ। ਹਾਲਾਂਕਿ ਜਾਂਚ ਏਜੰਸੀ ਦਾ ਮੰਨਣਾ ਹੈ ਕਿ ਪਾਇਲਟ ਨੇ 'ਗਲਤੀ' ਕਰਕੇ ਅਜਿਹਾ ਕੀਤਾ ਹੋ ਸਕਦਾ ਹੈ। ਹਾਦਸੇ ਵਿਚ ਮਨੁੱਖੀ ਗਲਤੀ ਦਾ ਸ਼ੱਕ ਹੈ। ਪਾਇਲਟ ਨੂੰ ਉਸ ਸਮੇਂ ਕਾਕਪਿਟ ਵਿੱਚ ਫਲੈਪ ਲੀਵਰ ਨੂੰ ਖਿੱਚਣਾ ਸੀ ਪਰ ਹੋ ਸਕਦਾ ਹੈ ਕਿ ਭੁਲੇਖੇ ਨਾਲ ਉਸ ਨੇ ਇੰਜਣ ਦੀ ਪਾਵਰ ਸਪਲਾਈ ਨੂੰ ਬੰਦ ਕਰ ਦਿੱਤਾ ਹੋਵੇ।

## ਊਧਵ ਠਾਕਰੇ ਬੋਲੇ ਮੇਰਾ ਧਨੁਸ਼, ਤੀਰ ਖੋਹ ਲਿਆ ਪਰ ਭਗਵਾਨ ਰਾਜ ਮੇਰੇ ਨਾਲ ਹਨ

**ਮੁੰਬਈ/ਲੋਕ ਬਾਣੀ**

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਉਨਾਂ ਨੇ ਮੇਰਾ ਕਮਾਨ-ਤੀਰ ਖੋਹ



ਲਿਆ ਪਰ ਹੁਣ ਭਗਵਾਨ ਰਾਮ ਖੁਦ ਮੇਰੇ ਨਾਲ ਆਏ ਹਨ। ਜੇ ਹਿੰਮਤ ਹੈ ਤਾਂ ਤੀਰ-ਕਮਾਨ ਸੜਕ 'ਤੇ ਲੈ ਕੇ ਅੱਗੇ ਆਓ, ਮੈਂ ਆਪਣੀ ਮਸ਼ਾਲ ਲੈ ਕੇ ਆਵਾਂਗਾ, ਫਿਰ ਦੇਖਦੇ ਹਾਂ ਕੀ ਹੁੰਦਾ ਹੈ।

## ਕੇਦਾਰਨਾਥ ਧਾਮ ਦੇ ਦਰਵਾਜ਼ੇ 25 ਅਪ੍ਰੈਲ ਨੂੰ ਖੁੱਲਣਗੇ

**ਦੇਹਰਾਦੂਨ/ਲੋਕ ਬਾਣੀ**

ਉਤਰਾਖੰਡ ਦੇ ਉੱਚੇ ਗੜਵਾਲ ਹਿਮਾਲਿਆ ਵਿੱਚ ਸਥਿਤ ਵਿਸ਼ਵ ਪ੍ਰਸਿੱਧ ਕੇਦਾਰਨਾਥ ਧਾਮ ਦੇ ਦਰਵਾਜ਼ੇ ਸਰਦੀਆਂ ਦੀ ਛੇ ਮਹੀਨਿਆਂ ਦੀ ਛੁੱਟੀ ਤੋਂ ਬਾਅਦ ਇਸ ਸਾਲ 25 ਅਪ੍ਰੈਲ ਨੂੰ ਸ਼ਰਧਾਲੂਆਂ ਲਈ ਖੋਲ ਦਿੱਤੇ ਜਾਣਗੇ। ਸ਼੍ਰੀ ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਸੂਤਰਾਂ ਨੇ ਦੱਸਿਆ ਕਿ ਕੇਦਾਰਨਾਥ ਮੰਦਰ ਦੇ ਪੋਰਟਲ 25 ਅਪ੍ਰੈਲ ਨੂੰ ਸਵੇਰੇ 6.20 ਵਜੇ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ ਦਿੱਤੇ ਜਾਣਗੇ। ਸ਼ਨੀਵਾਰ ਨੂੰ, ਮਹਾਸ਼ਿਵਰਾਤਰੀ ਦੇ ਮੌਕੇ 'ਤੇ, ਭਗਵਾਨ ਕੇਦਾਰਨਾਥ ਦੇ ਸਰਦੀਆਂ ਦੇ ਆਸਨ, ਰੁਦਰਪ੍ਰਯਾਗ ਜ਼ਿਲੇ ਦੇ ਉਖੀਮਠ ਸਥਿਤ ਓਮਕਾਰੇਸ਼ਵਰ ਮੰਦਿਰ 'ਚ ਆਯੋਜਿਤ ਇਕ ਧਾਰਮਿਕ ਸਮਾਗਮ 'ਚ ਕੇਦਾਰਨਾਥ ਮੰਦਰ ਦੇ ਖੋਲਣ ਦਾ ਸ਼ੁਭ ਸਮਾਂ ਪਾਂਚਾਂਕ ਗਣਨਾ ਤੋਂ ਬਾਅਦ ਕੱਢਿਆ ਗਿਆ। ਸਮਾਗਮ ਵਿੱਚ ਮੰਦਰ ਕਮੇਟੀ ਦੇ ਅਧਿਕਾਰੀ, ਤੀਰਥ ਪੁਜਾਰੀ ਅਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।



## ਕੇਰਲ 'ਚ ਕਸਟਮ ਨੇ ਜ਼ਬਤ ਕੀਤਾ 43 ਲੱਖ ਦਾ ਸੋਨਾ

**ਕੋਚੀ/ਲੋਕ ਬਾਣੀ**

ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਯੂਨਿਟ ਨੇ ਕੋਚੀ ਹਵਾਈ ਅੱਡੇ 'ਤੇ 43 ਲੱਖ ਰੁਪਏ ਦੀ ਕੀਮਤ ਦਾ 900.25 ਗਰਾਮ ਸੋਨਾ ਜ਼ਬਤ ਕੀਤਾ ਹੈ।ਕੋਚੀ, 19 ਫਰਵਰੀ-ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਯੂਨਿਟ ਨੇ ਕੋਚੀ ਹਵਾਈ ਅੱਡੇ 'ਤੇ 43 ਲੱਖ ਰੁਪਏ ਦੀ ਕੀਮਤ ਦਾ 900.25 ਗਰਾਮ ਸੋਨਾ ਜ਼ਬਤ ਕੀਤਾ ਹੈ।



## 22 ਨੂੰ ਫਿਰ ਰੇਲ ਰੋਕੋ ਮੋਰਚਾ ਲਗੇਗਾ

**ਅਮ੍ਰਿਤਸਰ/ਰਵੀ ਸਹਿਗਲ**

ਭਾਰਤ ਮਾਲਾ ਪ੍ਰੋਜੈਕਟ ਤਹਿਤ ਨਿਕਲਣ ਵਾਲੇ ਹਾਈਵੇ ਲਈ ਐਕੁਆਇਰ ਜ਼ਮੀਨਾਂ ਦੇ ਇਕਸਾਰ ਤੇ ਵਾਜ਼ਿਬ ਮੁਆਵਜ਼ੇ, ਗੰਨੇ ਦੇ ਬਕਾਏ ਦੀ ਅਦਾਇਗੀ, ਮੋਰਚਿਆਂ ਦੇ ਸ਼ਹੀਦ ਪਰਿਵਾਰਾਂ ਨੂੰ ਮੁਆਵਜੇ ਅਤੇ ਨੌਕਰੀਆਂ ਸਮੇਤ ਹੋਰ ਅਹਿਮ ਮੁੱਦਿਆਂ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ 22 ਫਰਵਰੀ ਨੂੰ ਗੁਰਦਾਸਪੁਰ ਵਿਚ ਲੱਗਣ ਜਾ ਰਹੇ ਰੇਲ ਰੋਕੋ ਧਰਨੇ ਦੀ ਜ਼ਿਲਾ ਅੰਮ੍ਰਿਤਸਰ ਵਲੋ ਪਿੰਡ ਪੱਧਰੀ ਤਿਆਰੀ ਮੀਟਿੰਗਾਂ ਤੋਂ ਬਾਅਦ ਜ਼ਿਲਾ ਕਮੇਟੀ ਦੀ ਮੀਟਿੰਗ ਸੱਦ ਕੇ ਮੋਰਚੇ ਵਿਚ ਜਾਣ ਦੀਆ ਤਿਆਰੀਆਂ ਦੇ ਜਾਇਜ਼ੇ ਲਏ ਗਏ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਮੋਰਚੇ ਵਿਚ ਸ਼ਮੂਲੀਅਤ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰਾਂ ਟਰਾਲੀਆਂ 'ਤੇ ਸਵਾਰ ਹੋ ਕੇ ਜਾਣ ਸੰਬੰਧੀ ਕਿਸਾਨ-ਮਜ਼ਦੂਰ ਤੇ ਬੀਬੀਆਂ ਦੀ ਤਿਆਰੀ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ।

## ਭਾਰਤ ਪਾਕਿ ਸਰਹੱਦ 'ਤੇ ਫੜੀ ਗਈ ਹੈਰੋਇਨ

**ਗੁਰਦਾਸਪੁਰ/ਨਵਨੀਤ ਕੁਮਾਰ**

ਅੰਤਰਰਾਸ਼ਟਰੀ ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਬੀਐਸਐਫ ਦੀ 113 ਬਟਾਲੀਅਨ ਨੇ ਸ਼ਨੀਵਾਰ ਦੇਰ ਰਾਤ ਘਨੀਆ ਕੇ ਬਾਂਗਰ ਵਿੱਚ ਬਾਰਡਰ ਆਊਟ ਪੋਸਟ (ਬੀਓਪੀ) 'ਤੇ ਇੱਕ ਪਾਕਿਸਤਾਨੀ ਡਰੋਨ ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰ ਦਿੱਤਾ। ਜਿਸ ਥਾਂ 'ਤੇ ਡਰੋਨ ਡਿੱਗਿਆ, ਉਸ ਥਾਂ 'ਤੇ ਬੀਐਸਐਫ ਅਤੇ ਪੁਲਿਸ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਜਿਸ ਤੋਂ ਬਾਅਦ ਬੀ.ਐਸ.ਐਫ ਨੇ ਚਾਰ ਪੈਕੇਟਾਂ ਵਿੱਚ 2.750 ਦੇ ਕਰੀਬ ਹੈਰੋਇਨ ਬਰਾਮਦ ਕੀਤੀ ਹੈ।ਇਸ ਸਬੰਧੀ ਬੀਐਸਐਫ ਦੇ ਡੀਆਈਜੀ ਪ੍ਰਭਾਕਰ ਜੋਸ਼ੀ ਨੇ ਦੱਸਿਆ ਕਿ ਤਲਾਸ਼ੀ ਮੁਹਿੰਮ ਦੌਰਾਨ ਹੈਰੋਇਨ ਦੇ 4 ਪੈਕਟ ਬਰਾਮਦ ਕੀਤੇ ਗਏ ਹਨ। ਜਿਸ ਡਰੋਨ ਨੂੰ ਡੇਗਿਆ ਗਿਆ ਹੈ, ਉਹ 9 ਕਿਲੋ ਦਾ ਲੋਡ ਚੁੱਕ ਕੇ 15 ਕਿਲੋਮੀਟਰ ਤੱਕ ਉੱਡ ਸਕਦਾ ਹੈ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਂਕ ਜਲੰਧਰ 99155-94111